ਕਿਰਤ, ਇਮੀਗਰੇਸ਼ਨ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰਾਲਾ (Ministry of Labour, Immigration, Training and Skills Development)

# ਓਨਟਾਰੀਓ ਵਿੱਚ ਰੁਜ਼ਗਾਰ ਦੇ ਮਿਆਰ

*ਰੁਜ਼ਗਾਰ ਦੇ ਮਿਆਰ ਕਾਨੂੰਨ (Employment Standards Act), 2000* (ESA) ਓਨਟਾਰੀਓ ਵਿੱਚ ਕੰਮ ਕਰਨ ਦੇ ਜ਼ਿਆਦਾਤਰ ਸਥਾਨਾਂ ਲਈ ਕਰਮਚਾਰੀਆਂ ਦੀ ਰੱਖਿਆ ਕਰਦਾ ਹੈ ਅਤੇ ਘੱਟੋ-ਘੱਟ ਮਿਆਰ ਨਿਸ਼ਚਿਤ ਕਰਦਾ ਹੈ। **ਰੁਜ਼ਗਾਰਤਾਵਾਂ ਨੂੰ ਕਰਮਚਾਰੀਆਂ ਦੁਆਰਾ ਆਪਣੇ ESA ਹੱਕਾਂ ਦੀ ਵਰਤੋਂ ਕਰਨ ਲਈ ਉਹਨਾਂ ਨੂੰ ਕਿਸੇ ਵੀ ਤਰੀਕੇ ਨਾਲ ਸਜ਼ਾ ਦੇਣ ਤੋਂ ਮਨਾਹੀ ਹੈ।**

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

### ਜਨਤਕ ਛੁੱਟੀਆਂ

ਓਨਟਾਰੀਓ ਵਿੱਚ ਹਰ ਸਾਲ ਕਈ ਜਨਤਕ ਛੁੱਟੀਆਂ ਹੁੰਦੀਆਂ ਹਨ। ਜ਼ਿਆਦਾਤਰ ਕਰਮਚਾਰੀਆਂ ਨੂੰ ਇਹਨਾਂ ਦਿਨਾਂ 'ਤੇ ਛੁੱਟੀਆਂ ਲੈਣ ਅਤੇ ਜਨਤਕ ਛੁੱਟੀ ਦੀ ਤਨਖਾਹ ਦਿੱਤੇ ਜਾਣ ਦਾ ਹੱਕ ਹੁੰਦਾ ਹੈ। ਹੋਰ ਜਾਣਕਾਰੀ ਲਈ ਦੇਖੋ: **Ontario.ca/publicholidays**

### ਕੰਮ ਦੇ ਘੰਟੇ ਅਤੇ ਓਵਰਟਾਈਮ

ਕੰਮ ਕਰਨ ਦੇ ਘੰਟਿਆਂ ਬਾਰੇ ਰੋਜ਼ਾਨਾ ਅਤੇ ਹਫਤਾਵਾਰ ਸੀਮਾਵਾਂ ਹਨ। ਭੋਜਨ ਲਈ ਬ੍ਰੇਕਾਂ, ਆਰਾਮ ਦੀ ਮਿਆਦਾਂ ਅਤੇ ਓਵਰਟਾਈਮ ਬਾਰੇ ਵੀ ਨਿਯਮ ਹਨ। ਹੋਰ ਜਾਣਕਾਰੀ ਲਈ ਦੇਖੋ: **Ontario.ca/hoursofwork** ਅਤੇ **Ontario.ca/overtime**

### ਬਰਖਾਸਤਗੀ ਦਾ ਨੋਟਿਸ ਅਤੇ ਤਨਖਾਹ

ਜ਼ਿਆਦਾਤਰ ਮਾਮਲਿਆਂ ਵਿੱਚ, ਰੁਜ਼ਗਾਰ ਤੋਂ ਬਰਖਾਸਤ ਕਰਦੇ ਸਮੇਂ, ਰੁਜ਼ਗਾਰਦਾਤਾਵਾਂ ਵੱਲੋਂ ਕਰਮਚਾਰੀਆਂ ਨੂੰ ਬਰਖਾਸਤ ਕਰਨ ਦਾ ਅਗਾਊਂ ਲਿਖਤੀ ਨੋਟਿਸ ਜਾਂ ਨੋਟਿਸ ਦੀ ਜਗ੍ਹਾ 'ਤੇ ਬਰਖਾਸਤਗੀ ਤਨਖਾਹ ਦੇਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ ਦੇਖੋ: **Ontario.ca/terminationofemployment**

### ਵਕੇਸ਼ਨ ਦਾ ਸਮਾਂ ਅਤੇ ਤਨਖਾਹ

ਕਰਮਚਾਰੀਆਂ ਦੁਆਰਾ ਕਮਾਏ ਜਾਣ ਵਾਲੇ ਵਕੇਸ਼ਨ ਦੇ ਸਮੇਂ ਅਤੇ ਤਨਖਾਹ ਬਾਰੇ ਨਿਯਮ ਹਨ। ਜ਼ਿਆਦਾਤਰ ਕਰਮਚਾਰੀ ਹਰੇਕ 12 ਮਹੀਨੇ ਦੇ ਕੰਮ ਤੋਂ ਬਾਅਦ ਵਕੇਸ਼ਨ ਦਾ ਸਮਾਂ ਲੈ ਲੈਂਦੇ ਹਨ। ਹੋਰ ਜਾਣਕਾਰੀ ਲਈ ਦੇਖੋ: **Ontario.ca/vacation**

### ਗੈਰਹਾਜ਼ਰੀ ਦੀਆਂ ਛੁੱਟੀਆਂ

ਓਨਟਾਰੀਓ ਵਿੱਚ ਕਈ ਨੌਕਰੀ ਨੂੰ ਸੁਰੱਖਿਅਤ ਰੱਖਣ ਵਾਲੀਆਂ ਗੈਰ-ਹਾਜ਼ਰੀ ਦੀਆਂ ਛੁੱਟੀਆਂ ਹਨ। ਉਦਾਹਰਨਾਂ ਵਿੱਚ, ਬਿਮਾਰ ਹੋਣ ਦੀ ਛੁੱਟੀ, ਗਰਭ-ਅਵਸਥਾ ਦੀ ਛੁੱਟੀ, ਪਾਲਣ-ਪੋਸ਼ਣ ਦੀ ਛੁੱਟੀ, ਪਰਿਵਾਰਕ ਦੇਖਭਾਲ ਕਰਤਾ ਛੁੱਟੀ ਸ਼ਾਮਿਲ ਹਨ। ਹੋਰ ਜਾਣਕਾਰੀ ਲਈ ਦੇਖੋ: **Ontario.ca/ESAguide**

### ਘੱਟੋ-ਘੱਟ ਤਨਖਾਹ

ਜ਼ਿਆਦਾਤਰ ਕਰਮਚਾਰੀਆਂ ਨੂੰ ਘੱਟੋ-ਘੱਟ ਤਨਖਾਹ ਦਾ ਭੁਗਤਾਨ ਕੀਤੇ ਜਾਣ ਦਾ ਹੱਕ ਹੈ। ਵਰਤਮਾਨ ਦਰਾਂ ਲਈ ਇਸ ਵੈੱਬਸਾਈਟ 'ਤੇ ਜਾਓ: **Ontario.ca/minimumwage**

### ਰੁਜ਼ਗਾਰ ਦੇ ਹੋਰ ਹੱਕ, ਛੋਟਾਂ ਅਤੇ ਖਾਸ ਨਿਯਮ

ਹੋਰ ਹੱਕ, ਛੋਟਾਂ ਅਤੇ ਖਾਸ ਨਿਯਮ ਹਨ ਜੋ ਇਸ ਪੋਸਟਰ 'ਤੇ ਨਹੀਂ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਨੌਕਰੀ ਤੋਂ ਹਟਾਏ ਜਾਣ ਦੀ ਤਨਖਾਹ ਦੇ ਹੱਕ ਅਤੇ ਅਸਥਾਈ ਮਦਦ ਏਜੰਸੀਆਂ ਦੇ ਸੌਂਪੇ ਗਏ ਕਰਮਚਾਰੀਆਂ ਲਈ ਖਾਸ ਨਿਯਮ ਸ਼ਾਮਲ ਹਨ।

ਤੁਹਾਨੂੰ ਅਤੇ ਤੁਹਾਡੇ ਕੰਮ ਕਰਨ ਦੇ ਸਥਾਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਨਵੀਨਤਮ ਖ਼ਬਰਾਂ ਬਾਰੇ ਤਾਜ਼ਾ ਜਾਣਕਾਰੀ ਰੱਖਣ ਲਈ ਸਬਸਕ੍ਰਾਈਬ ਕਰੋ: **Ontario.ca/labournews**

ਆਪਣੇ ਹੱਕਾਂ ਬਾਰੇ ਇੱਥੇ ਹੋਰ ਜਾਣੋ:

**Ontario.ca/employmentstandards**

**1-800-531-5551 ਜਾਂ TTY 1-866-567-8893**

@ONTatwork @OntarioAtWork @Ontarioatwork